ਪੇਪਰ ਪੰਜਾਬੀ-ਬੀ, ਦੁਹਰਾਈ ਸ਼ੀਟ-4
ਜਮਾਤ-ਦਸਵੀਂ
ਮਿਤੀ-28/3/2020

61. 'ਪੋਤਰੇ' ਸ਼ਬਦ ਦਾ ਸੰਬੋਧਨੀ ਰੂਪ ਲਿਖੋ।

ੳ. ਪੋਤਰਾ ਅ. ਪੋਤਰਿਓ ੲ. ਪੋਤਰਿਆ ਸ. ਪੋਤਰੀਏ

62. ਸਮਾਨ ਯੋਜਕ.......ਵਾਕਾਂ ਦੀ ਸਿਰਜਣਾ ਕਰਦੇ ਹਨ।

ੳ. ਸੰਜੁਗਤ ਅ.ਮਿਸ਼ਰਤ ੲ. ਸਧਾਰਨ ਸ.ਇਨ੍ਹਾਂ 'ਚੋਂ ਕੋਈ ਨਹੀਂ

63. ਅਧੀਨ ਯੋਜਕ.......ਵਾਕਾਂ ਦੀ ਸਿਰਜਣਾ ਕਰਦੇ ਹਨ।

ੳ. ਸੰਜੁਗਤ ਅ. ਮਿਸ਼ਰਤ ੲ. ਸਧਾਰਨ ਸ. ਇਨ੍ਹਾਂ 'ਚੋਂ ਕੋਈ ਨਹੀਂ

64. ਉਸ ਨੂੰ ਬਹੁਤ ਸਮਝਾਇਆ ਫਿਰ ਵੀ ਉਸਨੇ ਬੁਰੇ ਲੋਕਾਂ ਦਾ ਸਾਥ ਨਹੀਂ ਛੱਡਿਆ। ਇਸ ਵਾਕ ਵਿੱਚੋਂ ਯੋਜਕ ਸ਼ਬਦ ਦੱਸੋ।

ੳ. ਉਸਨੇ ਅ. ਉਸਨੂੰ ੲ. ਬੁਰੇ ਲੋਕਾਂ ਸ. ਫਿਰ ਵੀ

65. 'ਅਤੇ' ਸ਼ਬਦ ਯੋਜਕ ਦੀ ਕਿਹੜੀ ਕਿਸਮ ਹੈ?

ੳ. ਸਹਿ-ਸੰਬੰਧਕੀ ਅ. ਸੰਜੁਗਤ ੲ. ਅਧੀਨ ਯੋਜਕ ਸ. ਇਕਹਿਰੇ ਯੋਜਕ

66. ਦੋ ਜਾਂ ਦੋ ਤੋਂ ਵੱਧ ਸ਼ਬਦਾਂ ਤੋਂ ਮਿਲ਼ ਕੇ ਬਣੇ ਯੋਜਕ ਨੂੰ ਕੀ ਕਹਿੰਦੇ ਹਨ?

ੳ. ਸੰਜੁਗਤ ਯੋਜਕ ਅ. ਸਹਿ-ਸੰਬੰਧਕੀ ਯੋਜਕ

ੲ. ਇਕਹਿਰਾ ਯੋਜਕ ਸ. ਇਹਨਾਂ 'ਚੋਂ ਕੋਈ ਨਹੀਂ

67. ਭਾਵੇਂ ਜ਼ੋਰ ਦਾ ਮੀਂਹ ਆਵੇ, ਫਿਰ ਵੀ ਮੈਂ ਸਕੂਲ ਜਾਵਾਂਗਾ। ਇਸ ਵਾਕ ਵਿੱਚ ਕਿਸ ਪ੍ਰਕਾਰ ਦਾ ਯੋਜਕ ਹੈ?

ੳ. ਸੰਜੁਗਤ ਯੋਜਕ ਅ. ਸਹਿ-ਸੰਬੰਧਕੀ ਯੋਜਕ

ੲ. ਇਕਹਿਰਾ ਯੋਜਕ ਸ. ਇਹਨਾਂ 'ਚੋਂ ਕੋਈ ਨਹੀਂ

68. ਖ਼ੁਸ਼ੀ, ਗ਼ਮੀ, ਹੈਰਾਨੀ ਆਦਿ ਦੇ ਭਾਵ ਪ੍ਰਗਟ ਕਰਨ ਵਾਲ਼ੇ ਸ਼ਬਦ ਨੂੰ ਕੀ ਕਹਿੰਦੇ ਹਨ?

ੳ. ਕਿਰਿਆ ਵਿਸ਼ੇਸਣ ਅ. ਵਿਸ਼ੇਸ਼ਣ ੲ. ਸੰਬੰਧਕ ਸ. ਵਿਸਮਿਕ

69. ਵਿਸਮਿਕ ਸ਼ਬਦ ਕਿੰਨੇ ਪ੍ਰਕਾਰ ਦੇ ਹੁੰਦੇ ਹਨ?

ੳ. ਅੱਠ ਅ. ਪੰਜ ੲ. ਨੌਂ ਸ. ਛੇ

70. "ਖ਼ਬਰਦਾਰ' ਸ਼ਬਦ ਵਿਸਮਿਕ ਦੀ ਕਿਹੜੀ ਕਿਸਮ ਹੈ?

ੳ. ਸੰਬੋਧਕੀ-ਵਾਚਕ ਅ. ਸੂਚਨਾ-ਵਾਚਕ ੲ. ਫਿਟਕਾਰ-ਵਾਚਕ ਸ. ਸ਼ੋਕ-ਵਾਚਕ

71. 'ਓਏ' ਸ਼ਬਦ ਵਿਸਮਿਕ ਦੀ ਕਿਹੜੀ ਕਿਸਮ ਹੈ?

ੳ. ਸੰਬੋਧਕੀ-ਵਾਚਕ ਅ. ਸੂਚਨਾ-ਵਾਚਕ ੲ. ਫਿਟਕਾਰ-ਵਾਚਕ ਸ. ਸ਼ੋਕ-ਵਾਚਕ

72. ਹੇਠ ਲਿਖਿਆਂ 'ਚੋਂ ਪ੍ਰਸ਼ੰਸ਼ਾ-ਵਾਚਕ ਵਿਸਮਿਕ ਚੁਣੋ।

ੳ. ਹੋਸ਼ਿਆਰ ਅ. ਲੱਖ ਲਾਹਨਤ ੲ. ਬੁੱਢ-ਸੁਹਾਗਣ ਸ. ਸ਼ਾਬਸ਼

73. ਵਿਆਕਰਨਿਕ ਪੱਧਰ 'ਤੇ ਭਾਸ਼ਾ ਦੀ ਸਭ ਤੋਂ ਵੱਡੀ ਇਕਾਈ....ਹੈ।

ੳ. ਧੁਨੀ ਅ. ਵਾਕ ੲ. ਵਾਕੰਸ਼ ਸ. ਸ਼ਬਦ

74. ਉਦੇਸ਼ ਕਿਸਨੂੰ ਕਹਿੰਦੇ ਹਨ?

ੳ. ਵਾਕ ਵਿੱਚ ਜਿਸ ਬਾਰੇ ਗੱਲ ਕੀਤੀ ਜਾਂਦੀ ਹੈ।

ਅ. ਵਾਕ ਵਿੱਚ ਉਦੇਸ ਬਾਰੇ ਜੋ ਗੱਲ ਕੀਤੀ ਜਾਂਦੀ ਹੈ।

ੲ. ਵਾਕ ਵਿੱਚ ਜੋ ਕਾਰਜ ਹੁੰਦਾ ਹੈ।

ਸ. ਇਹਨਾਂ 'ਚੋਂ ਕੋਈ ਨਹੀਂ

75. ਉਹ ਪੰਜਾਬੀ ਦੀ ਪੁਸਤਕ ਪੜ੍ਹ ਰਿਹਾ ਹੈ। ਇਸ ਵਾਕ ਵਿੱਚ ਵਿਧੇਅ ਕਿਹੜਾ ਹੈ?

ੳ. ਪੁਸਤਕ ਪੜ੍ਹ ਰਿਹਾ ਹੈ। ਅ. ਪੰਜਾਬੀ ਦੀ ਪੁਸਤਕ ਪੜ੍ਹ ਰਿਹਾ ਹੈ।

ੲ. ਉਹ ਸ. ਪੰਜਾਬੀ ਦੀ ਪੁਸਤਕ

76. ਮੇਰੇ ਸਕੂਲ ਦੇ ਸਾਥੀ ਮੈਚ ਜਿੱਤ ਗਏ। ਇਸ ਵਾਕ ਵਿੱਚੋਂ ਨਾਂਵ ਵਾਕੰਸ਼ ਚੁਣੋ।

ੳ. ਮੈਚ ਜਿੱਤ ਗਏ ਅ. ਸਕੂਲ ੲ.ਸਾਥੀ ਸ. ਮੇਰੇ ਸਕੂਲ ਦੇ ਸਾਥੀ

77. ਵਾਕ ਵਿੱਚ ਕਿੰਨੀਆਂ ਸ਼ਬਦ-ਸ਼੍ਰੇਣੀਆਂ ਵਾਕੰਸ਼ ਦੀ ਭੂਮਿਕਾ ਨਿਭਾ ਸਕਦੀਆਂ ਹਨ?

ੳ. ਚਾਰ ਅ. ਦੋ ੲ.ਤਿੰਨ ਸ.ਅੱਠ

78. ਉਹ ਮੁੰਡਾ ਬੜਾ ਚੰਗਾ ਹੈ। ਇਸ ਵਾਕ ਵਿੱਚ 'ਬੜਾ ਚੰਗਾ' ਕਿਹੜਾ ਵਾਕੰਸ਼ ਹੈ?

ੳ. ਨਾਂਵ-ਵਾਕੰਸ਼ ਅ.ਕਿਰਿਆ ਵਾਕੰਸ਼ ੲ.ਵਿਸ਼ੇਸ਼ਣੀ- ਵਾਕੰਸ਼ ਸ. ਇਨ੍ਹਾਂ 'ਚੋਂ ਕੋਈ ਨਹੀਂ

79. ਉਹ ਅੱਜ ਆਪਣੇ ਪਿੰਡ ਜਾ ਰਿਹਾ ਹੈ। ਇਸ ਵਾਕ ਵਿੱਚੋਂ ਕਿਰਿਆ-ਵਾਕੰਸ਼ ਚੁਣੋ।

ੳ. ਜਾ ਰਿਹਾ ਹੈ। ਅ. ਉਹ ੲ. ਆਪਣੇ ਪਿੰਡ ਸ. ਪਿੰਡ ਜਾ ਰਿਹਾ ਹੈ।

80. ਪੰਜਾਬੀ ਵਾਕ ਬਣਤਰ ਵਿੱਚ ਵਾਕਾਂਸ਼ ਦਾ ਸਥਾਨ ਉਪਵਾਕ ਤੋਂ....ਹੈ।

ੳ. ਉੱਪਰ ਅ. ਥੱਲੇ ੲ. ਵਿਚਕਾਰ ਸ. ਇਨ੍ਹਾਂ 'ਚੋਂ ਕੋਈ ਨਹੀਂ

ਉੱਤਰ-ਪੱਤਰੀ

61-ਅ 62-ੳ 63-ਅ 64-ਸ 65-ਸ 66-ੳ 67-ਅ 68-ਸ 69-ੲ 70-ਅ 71-ੳ 72-ਸ 73-ਅ 74-ੳ 75-ਅ 76-ਸ 77-ੳ 78-ੲ 79-ੳ 80-ਅ

ਰੰਗ ਹਰਜਿੰਦਰ ਸਿੰਘ

ਸਟੇਟ ਰਿਸੋਰਸ ਪਰਸਨ, ਪੰਜਾਬੀ

9501400377